ਪੰਜਾਬ ਸਰਕਾਰ
(ਸਿੱਖਿਆ ਵਿਭਾਗ)

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ ਤੇ ਸੈਸਿ),
ਸਮੂਹ ਬਲਾਕ ਸਿੱਖਿਆ ਅਫ਼ਸਰ, ਪੰਜਾਬ।
ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ: ਸਸਅ/ਪਾਠ ਪੁਸਤਕਾਂ/2018/37623 ਮਿਤੀ, ਸਅਸ ਨਗਰ: 23-08-2018

**ਵਿਸ਼ਾ: ਵਿੱਦਿਅਕ ਸਾਲ 2018-19 ਦੌਰਾਨ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈਆਂ ਕਿਤਾਬਾਂ ਸਬੰਧੀ ਅੰਕੜੇ ਈਪੰਜਾਬਸਕੂਲ ਪੋਰਟਲ 'ਤੇ ਅੱਪਡੇਟ ਕਰਨ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖ਼ੇਚਲ਼ ਕਰੋ ਜੀ।

2.0 ਵਿਸ਼ਾ-ਅੰਕਿਤ ਮਾਮਲੇ ਦੇ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਾਲ 2018-19 ਦੌਰਾਨ ਰਾਜ ਦੇ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਨੂੰ ਕਿਤਾਬਾਂ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਸਿੱਖਿਆ ਵਿਭਾਗ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਵਿਦਿਆਰਥੀ ਕਿਤਾਬਾਂ ਤੋਂ ਵਾਂਝਾ ਨਾ ਰਹੇ। ਕਿਤਾਬਾਂ ਦੀ ਵੰਡ ਸਬੰਧੀ ਮੌਨੀਟਰਿੰਗ ਕਰਨ ਲਈ ਵਿਭਾਗ ਵੱਲੋਂ ਸਾਫ਼ਟਵੇਅਰ ਤਿਆਰ ਕੀਤਾ ਗਿਆ ਹੈ।

3.0 ਇਸ ਮਕਸਦ ਲਈ ਈਪੰਜਾਬਸਕੂਲ ਪੋਰਟਲ 'ਤੇ School Login ਅਧੀਨ Text Books To Students ਨਵਾਂ ਲਿੰਕ ਦਿੱਤਾ ਗਿਆ ਹੈ ਅਤੇ ਹਰ ਸਕੂਲ ਮੁਖੀ ਨਿੱਜੀ ਦਿਲਚਸਪੀ ਲੈ ਕੇ ਆਪਣੇ ਸਕੂਲ ਦੀ ਕਿਤਾਬਾਂ ਸਬੰਧੀ ਜਾਣਕਾਰੀ/ ਅੰਕੜੇ ਮਿਤੀ 31-08-2018 ਤੱਕ ਅੱਪਡੇਟ ਕਰਨਾ ਯਕੀਨੀ ਬਣਾਏਗਾ। ਵਧੇਰੇ ਜਾਣਕਾਰੀ ਲਈ ਆਪਣੇ ਜ਼ਿਲ੍ਹੇ ਦੇ ਐਮ ਆਈ ਐਸ ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

4.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਸਕੱਤਰ ਸਕੂਲ ਸਿੱਖਿਆ**
**ਪੰਜਾਬ।**